*ਪਾਣੀ ਦਾ ਮਸਲਾਃ*

# ਪੰਜਾਬੀਆਂ ਅਤੇ ਹਿੰਦੁਸਤਾਨ ਦੇ ਹੋਰ ਲੋਕਾਂ ਨੂੰ ਚੌਕਸ ਰਹਿਣ ਦੀ ਲੋੜ

ਪੰਜਾਬ ਅਸੈਂਬਲੀ ਵਲੋਂ ਪਾਸ ਕੀਤੇ ਹੋਏ ਪਾਣੀਆਂ ਦੇ ਕਾਨੂੰਨ ਦੇ ਮਸਲੇ ਨੂੰ ਕੇਂਦਰੀ ਸਰਕਾਰ ਨੇ ਸੁਪਰੀਮ ਕੋਰਟ ਦੇ ਹਵਾਲੇ ਕਰ ਦਿਤਾ ਹੈ। ਇਹ ਅਦਾਲਤ ਫੈਸਲਾ ਕਰੇਗੀ ਕਿ ਕੀ ਪੰਜਾਬ ਦੀ ਅਸੈਂਬਲੀ ਦਾ ਪਾਸ ਕੀਤਾ ਇਹ ਕਾਨੂੰਨ ਸੰਵਿਧਾਨ ਦੇ ਮੁਤਾਬਿਕ ਹੈ ਜਾਂ ਨਹੀਂ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਸੰਵਿਧਾਨ ਮੁਤਾਬਿਕ ਇਕ ਰਾਜ ਨੂੰ ਆਪਣੇ ਪਾਣੀਆਂ ਬਾਰੇ ਕਾਨੂੰਨ ਬਣਾਉਣ ਦਾ ਪੂਰਾ ਹੱਕ ਹੈ। ਖ਼ਬਰਾਂ ਮੁਤਾਬਿਕ ਇਹ ਵੀ ਪਤਾ ਲਗਿਆ ਹੈ ਕਿ ਪੰਜਾਬ ਦੇ ਮੁੱਖ ਮੰਤ੍ਰੀ ਅਮਰਿੰਦਰ ਸਿੰਘ ਸੋਨੀਆ ਗਾਂਧੀ ਨੂੰ ਮਿਲਣ ਲਈ ਤਿੰਨ ਦਿਨ ਦਿੱਲੀ ਬੈਠੇ ਰਹੇ ਪਰ ਕਾਂਗਰਸ ਦੀ ਹਾਈ ਕਮਾਨ ਨੇ ਉਨ੍ਹਾਂ ਨੂੰ ਮੂੰਹ ਨਹੀਂ ਲਾਇਆ।

ਸੁਪਰੀਮ ਕੋਰਟ ਦਾ ਫੈਸਲਾ ਕੀ ਹੋਵੇਗਾ? ਕੀ ਸੁਪਰੀਮ ਕੋਰਟ ਕੋਈ ਅਸੂਲ ਦਾ ਫੈਸਲਾ ਦੇ ਸਕਦੀ ਹੈ? ਅਦਾਲਤੀ ਢਾਂਚਾ ਜੋ ਕਿ ਬਸਤੀਵਾਦੀ ਸੰਵਿਧਾਨ ਉਤੇ ਅਧਾਰਤ ਹੈ ਕੀ ਲੋਕਾਂ ਦੇ ਹੱਕ ਦੇ ਪੱਖ ਵਿਚ ਫੈਸਲਾ ਦੇ ਸਕਦਾ ਹੈ? ਜਦ ਹਿੰਦੁਸਤਾਨ ਦਾ ਸੰਵਿਧਾਨ ਹੀ  ਲੋਕਾਂ ਦੇ ਹੱਕਾਂ ਨੂੰ ਮਾਨਤਾ ਨਹੀਂ ਦਿੰਦਾ ਤਾਂ ਇਸ ਸੰਵਧਾਨ ਦੇ ਘੇਰੇ ਵਿਚ ਬਣਿਆਂ ਅਦਾਲਤੀ ਢਾਚਾ ਲੋਕ ਪੱਖੀ ਫ਼ੈਸਲਾ ਕਿਵੇਂ ਕਰ ਸਕੇਗਾ?। ਇਹ ਲੋਕਾਂ ਦੇ ਸਾਂਝੇ ਹੱਕਾਂ ਦੀ ਜ਼ਾਮਨੀ ਨਹੀਂ ਦਿੰਦਾ। ਫਿਰ ਇਹ ਸੁਪਰੀਮ ਕੋਰਟ ਕਿਸ ਆਧਾਰ ਉਤੇ ਅਤੇ ਕਿਸ ਤਰ੍ਹਾਂ ਪੰਜਾਬ ਦੇ ਲੋਕਾਂ ਦੇ ਬੁਨਿਆਦੀ ਹੱਕਾਂ ਦੀ ਰਾਖੀ ਕਰ ਸਕਦੀ ਹੈ?

ਜੇਕਰ ਇਸ ਅਦਾਲਤ ਨੇ ਇਸ ਕਾਨੂੰਨ ਦੇ ਹੱਕ ਵਿਚ ਫੈਸਲਾ ਦਿਤਾ ਤਾਂ ਉਹ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਰਾਜ ਤੰਤ੍ਰ ਨੂੰ ਕਬੂਲ ਨਹੀਂ ਹੋਵੇਗਾ ਕਿਉਂਕਿ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਹਿੰਦੁਸਤਾਨ ਦੇ ਸਾਰੇ ਹਿਸਿਆਂ ਅਤੇ ਲੋਕਾਂ ਦੀ ਲੁੱਟ ਲਈ ਇਸ ਰਾਜ ਤੰਤ੍ਰ ਨੂੰ ਵਰਤਦੀਆਂ ਹਨ। ਕਿਉਂਕਿ ਇਹ ਅਦਾਲਤ ਵੀ ਇਸ ਰਾਜ ਤੰਤ੍ਰ ਦਾ ਇਕ ਅਹਿਮ ਹਿੱਸਾ ਹੈ ਇਸ ਲਈ ਲਾਜ਼ਮੀ ਹੈ ਕਿ ਹਾਕਮ ਜਮਾਤਾਂ, ਉਨ੍ਹਾਂ ਦੀ ਸਰਕਾਰ, ਅਤੇ ਰਾਜਤੰਤਰ ਇਸ ਅਦਾਲਤ ਨੂੰ ਆਪਣੇ ਹੱਕ ਵਿਚ ਵਰਤਣ ਲਈ ਪੂਰਾ ਜ਼ੋਰ ਲਾਉਣਗੇ। ਕੇਂਦਰੀ ਸਰਕਾਰ ਲੋਟੂ ਜਮਾਤਾਂ ਦਾ ਇਕ ਹਥਿਆਰ ਹੈ ਜਿਸ ਰਾਹੀਂ ਉਹ ਬਸਤੀ ਵਾਦੀਆਂ ਵਾਂਗ ਹੀ ਹਿੰਦੁਸਤਾਨ ਦੇ ਸਾਰੇ ਇਲਾਕਿਆਂ ਦੇ ਕੁਦਰਤੀ ਸੋਮਿਆਂ ਅਤੇ ਲੋਕਾਂ ਦੀ ਮਿਹਨਤ ਨੂੰ ਲੁੱਟਦੇ ਹਨ। ਹਾਕਮ ਜਮਾਤਾਂ ਅਤੇ ਉਨ੍ਹਾਂ ਦਾ ਬਸਤੀਵਾਦੀ ਰਾਜ ਤੰਤ੍ਰ ਲੋਕਾਂ ਦੇ ਕੁਦਰਤੀ ਸਾਧਨਾਂ ਉਪਰ ਲੋਕਾਂ ਦਾ ਹੱਕ ਹੋਣ ਦੇ ਅਸੂਲ ਨੂੰ ਕਦੇ ਵੀ ਤਸਲੀਮ ਨਹੀਂ ਕਰ ਸਕਦੇ। ਇਸ ਲਈ ਇਸ ਮਸਲੇ ਨੂੰ ਗੰਧਲਾਉਣ ਲਈ ਉਹ ਸਰਬ-ਉਚ ਅਦਾਲਤ ਨੂੰ ਵਰਤ ਰਹੇ ਹਨ।

ਦੂਸਰੇ ਪਾਸੇ, ਇਸ ਸਰਬ-ਉਚ ਅਦਾਲਤ ਨੇ ਪੰਜਾਬ ਅਸੈਂਬਲੀ ਦੇ ਪਾਸ ਕੀਤੇ ਹੋਏ ਕਾਨੂੰਨ ਦੇ ਖ਼ਿਲਾਫ਼ ਜਾ ਕੇ ਜੇ ਕੋਈ ਪੰਜਾਬ ਵਿਰੋਧੀ ਫੈਸਲਾ ਦਿਤਾ ਤਾਂ ਇਹ ਪੰਜਾਬੀਆਂ ਨੂੰ ਹਰਗਿਜ਼ ਮਨਜ਼ੂਰ ਨਹੀਂ ਹੋਵੇਗਾ ਅਤੇ ਇਹਦੇ ਖ਼ਿਲਾਫ਼, ਕੇਂਦਰ ਦੀ ਹੈਂਕੜਬਾਜ਼ੀ ਤੇ ਬੇਇਨਸਾਫ਼ੀ ਦੇ ਖ਼ਿਲਾਫ਼, ਇਕ ਵੱਡੀ ਲੋਕ ਲਹਿਰ ਉੱਠੇਗੀ। ਕੇਂਦਰੀ ਸਰਕਾਰ ਇਹਨੂੰ ਪਹਿਲਾਂ ਵਾਂਗ ਹੀ ਗੋਲੀ ਸਿੱਕੇ ਅਤੇ ਫਿਰਕੂ ਤਸ਼ੱਦਦ ਨਾਲ ਦਬਾਉਣ ਦੀ ਕੋਸ਼ਿਸ਼ ਕਰੇਗੀ। ਇਹਦੇ ਨਾਲ ਹੀ ਪੰਜਾਬ ਤੋਂ ਬਾਹਰ, ਉਹ ਪੰਜਾਬੀਆਂ ਖ਼ਿਲਾਫ਼ ਭੜਕੀਲੇ ਅਤੇ ਜ਼ਹਿਰੀਲੇ ਫਿਰਕੂ ਪ੍ਰਚਾਰ ਦਾ ਆਸਰਾ ਲੈਣਗੇ ਅਤੇ ਪੰਜਾਬ ਵਿਚ ਵੀ ਲੋਕਾਂ ਨੂੰ ਫਿਰਕੂ ਲੀਹਾਂ ਤੇ ਪਾੜਨ ਦੀਆਂ ਕੋਸ਼ਿਸ਼ਾਂ ਕਰਨਗੇ। ਲੋਕਾਂ ਦੇ ਖ਼ਿਲਾਫ਼ ਵਰਤਣ ਲਈ ਇਹ ਇਨ੍ਹਾਂ ਦੇ ਪੁਰਾਣੇ ਹਥਿਆਰ ਹਨ ਜੋ ਇਹ ਹਮੇਸ਼ਾ ਵਰਤਦੇ ਆਏ ਹਨ। ਪੰਜਾਬ ਅਤੇ ਬਾਕੀ ਹਿੰਦਸਤਾਨ ਦੇ ਲੋਕਾਂ ਨੂੰ ਇਸ ਪੱਖੋਂ ਬੜਾ ਹੁਸ਼ਿਆਰ ਰਹਿਣਾ ਹੋਵੇਗਾ।

ਹਿੰਦੁਸਤਾਨ ਦੀਆਂ ਹਾਕਮ ਜਮਾਤਾਂ, ਆਈ.ਐਮ.ਐਫ, ਆਲਮੀ ਬੈਂਕ ਅਤੇ ਹੋਰ ਸਾਮਰਾਜੀ ਅਦਾਰੇ ਪਾਣੀ ਨੂੰ ਇਕ ਮੰਡੀ ਦੀ ਵਸਤ ਬਣਾਉਣ ਲਈ ਕੋਸ਼ਿਸ਼ਾਂ ਕਰ ਹਨ ਤੇ ਸਕੀਮਾਂ ਘੜ ਰਹੇ ਹਨ। ਪਾਣੀ ਨੂੰ ਮੰਡੀ ਦੀ ਵਸਤ ਬਣਾ ਕੇ ਬੇਅੰਤ ਪੈਸਾ ਬਣਾਉਣ ਲਈ ਉਨ੍ਹਾਂ ਦੀਆਂ ਲਾਲਾਂ ਚੋ ਰਹੀਆਂ ਹਨ। ਇਸ ਲਈ ਉਹ ਪਾਣੀ ਦਾ ਨਿਜੀ ਕਰਣ ਕਰਨ ਬਾਰੇ ਸਾਰਾ ਜ਼ੋਰ ਲਾ ਰਹੇ ਹਨ। ਇਹ ਸੁਝਾਅ ਵੀ ਹੁਣ ਆ ਰਿਹਾ ਹੈ ਕਿ ਪੰਜਾਬ ਜੇ ਹੋਰਨਾਂ ਸੂਬਿਆਂ ਨੂੰ ਪਾਣੀ ਵੇਚਣ ਲੱਗ ਪਵੇ ਤਾਂ ਇਸ ਮਸਲੇ ਦਾ ਹੱਲ ਹੋ ਸਕਦਾ ਹੈ। ਪਾਣੀ ਨੂੰ ਇਕ ਵਿਕਾਊ ਵਸਤ ਬਣਾ ਕੇ ਸਰਮਾਏਦਾਰਾਂ ਦੇ ਹੱਥ ਸੌਂਪ ਦੇਣ ਵੱਲ ਇਹ ਇਕ ਪਹਿਲਾ ਕਦਮ ਹੋਵੇਗਾ। ਪੰਜਾਬ ਦੇ ਲੋਕ ਅਤੇ ਹਿੰਦੁਸਤਾਨ ਦੇ ਲੋਕ ਇਹ ਗੱਲ ਕਬੂਲ ਨਹੀਂ ਕਰ ਸਕਦੇ। ਇਸ ਨਾਲ ਉਨ੍ਹਾਂ ਦਾ ਪਾਣੀ ਉਨ੍ਹਾਂ ਦੇ ਹੱਥੋਂ ਫਿਰ ਨਿਕਲ ਕੇ ਵੱਡੇ ਸਰਮਾਏਦਾਰਾਂ ਦੇ ਹੱਥਾਂ ਵਿਚ ਚਲਾ ਜਾਵੇਗਾ ਜੋ ਆਪਣੇ ਮੁਨਾਫ਼ਿਆਂ ਲਈ ਲੋਕਾਂ ਨੂੰ ਤ੍ਰਿਹਾਇਆ ਮਾਰਨਗੇ। ਪਾਣੀ ਲੋਕਾਂ ਦੀ ਇਕ ਬੁਨਿਆਦੀ ਲੋੜ ਅਤੇ ਇਸ ਉਤੇ ਲੋਕਾਂ ਦਾ ਹੱਕ ਹੈ। ਇਸ ਨੂੰ ਕਿਸੇ ਵੀ ਬਹਾਨੇ ਹੇਠ ਨਿਜੀ ਹੱਥਾਂ ਵਿਚ ਦੇ ਕੇ ਇਕ ਵਿਕਾਊ ਵਸਤ ਨਹੀਂ ਬਣਾਇਆ ਜਾਣ ਦੇਣਾ ਚਾਹੀਦਾ।

ਪੰਜਾਬ  ਅਤੇ ਹਿੰਦੁਸਤਾਨ ਦੇ ਲੋਕਾਂ ਨੂੰ ਹਾਕਮ ਜਮਾਤਾਂ ਦੀਆਂ ਇਨ੍ਹਾਂ ਚਾਲਾਂ ਨੂੰ ਸਮਝਣ ਅਤੇ ਖ਼ਬਰਦਾਰ ਰਹਿਣ ਦੀ ਲੋੜ ਹੈ ਅਤੇ ਸਭਨਾਂ ਦੇ ਹੱਕਾਂ ਦੀ ਰਾਖੀ ਲਈ ਪੁਰਜ਼ੋਰ ਘੋਲ ਕਰਨ ਦੀ ਲੋੜ ਹੈ। ਪੰਜਾਬ ਦੇ ਬਾਹਰ ਦੇ ਤਮਾਮ ਲੋਕਾਂ ਨੂੰ ਵੀ ਪੰਜਾਬ ਦੇ ਲੋਕਾਂ ਦੀ ਇਸ ਮੰਗ ਦੀ ਪੁਰਜ਼ੋਰ ਹਮੈਤ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਦੇ ਪਾਣੀਆਂ ਬਾਰੇ ਸਾਰੇ ਫੈਸਲੇ ਕਰਨਾ ਉਨ੍ਹਾਂ ਦਾ ਬੁਨਿਆਦੀ ਹੱਕ ਹੈ। ਦੂਸਰੇ ਪਾਸੇ ਪੰਜਾਬੀਆਂ ਨੂੰ ਵੀ ਪੰਜਾਬ ਦੇ ਬਾਹਰ ਦੇ ਸਾਰੇ ਲੋਕਾਂ ਦੇ ਉਨ੍ਹਾਂ ਦੇ ਕੁਦਰਤੀ ਸਾਧਨਾਂ ਬਾਰੇ ਫੈਸਲੇ ਕਰਨ ਦੇ ਹੱਕ ਦੀ ਪੂਰੀ ਹਿਮਾਇਤ ਕਰਨ ਦੀ ਲੋੜ ਹੈ।ਇਸ ਸੰਘਰਸ਼ ਵਿਚ ਉਨ੍ਹਾਂ ਨੂੰ ਚੌਕਸ ਰਹਿਣ ਦੀ ਅਤੇ ਸਾਂਝਾ ਘੋਲ ਚਲਾਉਣ ਦੀ ਲੋੜ ਹੈ। ਸਾਰੇ ਦੇਸ਼ ਭਗਤਾਂ, ਕਿਰਤੀਅ, ਕਿਸਾਨਾਂ ਅਤੇ ਹੋਰ ਪਸਮਾਂਦਾ ਲੋਕਾਂ ਨੂੰ ਇਕ ਮੁੱਠ ਹੋਕੇ ਇਸ ਘੋਲ ਵਿਚ ਹਿੱਸਾ ਲੈਣ ਦੀ ਲੋੜ ਹੈ। ਪੰਜਾਬੀਆਂ ਦੇ ਹੱਕਾਂ ਦਾ ਘੋਲ ਸਭਨਾਂ ਦੇ ਹੱਕਾਂ ਦਾ ਘੋਲ ਹੈ।